**Panjabi**

# ਹਾਊਜ਼ਿੰਗ ਅਤੇ ਸੋਸ਼ਲ ਸਰਵਿਸਿਜ਼ ਡਿਪਾਰਟਮੈਂਟ

HOUSING AND SOCIAL SERVICES DEPARTMENT

# ਹੋਮ ਕੇਅਰ ਸਰਵਿਸਿਜ਼

HOME CARE SERVICES

**ਹੋਮ ਕੇਅਰ (ਘਰ ਵਿੱਚ ਮਦਦ)**

**ਅਸੀਂ ਇਹ ਲੀਫਲੈਟ ਤੁਹਾਨੂੰ ਲੂਟਨ ਵਿੱਚ ਹੋਮ ਕੇਅਰ ਦੇਣ ਵਾਲੇ ਵਲੋਂ ਘਰ ਵਿੱਚ ਮਦਦ ਅਤੇ ਉੱਚ ਦਰਜੇ ਦੀਆਂ ਸੇਵਾਵਾਂ ਜਿੰਨ੍ਹਾਂ ਦੀ ਤੁਸੀਂ ਉਮੀਦ ਰੱਖ ਸਕਦੇ ਹੋ, ਬਾਰੇ ਹੋਰ ਜਾਣਕਾਰੀ ਦੇਣ ਲਈ ਤਿਆਰ ਕੀਤਾ ਹੈ।**

ਲੂਟਨ ਸੋਸ਼ਲ ਸਰਵਿਸਿਜ਼ ਡਿਪਾਰਟਮੈਂਟ ਵਾਲੇ ਬਾਲਗਾਂ ਅਤੇ ਬਜ਼ੁਰਗਾਂ ਲਈ ਕਈ ਤਰ੍ਹਾਂ ਦੀਆਂ ਸੇਵਾਵਾਂ ਪੇਸ਼ ਕਰਦੇ ਹਨ।

ਇੰਨ੍ਹਾਂ ਵਿੱਚੋਂ ਹੋਮ ਕੇਅਰ (ਘਰ ਵਿੱਚ ਮਦਦ) ਇੱਕ ਐਸੀ ਸੇਵਾ ਹੈ ਜੋ ਕੰਮਜ਼ੋਰ ਅਤੇ ਅਯੋਗ ਵਿਅਕਤੀਆਂ ਲਈ ਹੈ ਜਿਸ ਵਿੱਚ ਉਨ੍ਹਾਂ ਨੂੰ ਵਾਧੂ ਮਦਦ ਅਤੇ ਸਹਿਯੋਗ ਦਿਤਾ ਜਾਂਦਾ ਹੈ ਤਾਂ ਕਿ ਉਹ ਜਿੰਨੀ ਹਦ ਤਕ ਹੋ ਸਕੇ ਆਤਮ ਨਿਰਭਰ ਤਰੀਕੇ ਨਾਲ ਰਹਿ ਸਕਣ।

ਹੋਮ ਕੇਅਰ (ਘਰ ਵਿੱਚ ਮਦਦ) ਇੱਕ ਸੇਵਾ ਅਤੇ ਮਦਦ ਹੈ ਜਿਸ ਵਿੱਚ ਲੋਕਾਂ ਦਾ ਕਮਿਊਨਿਟੀ ਵਿੱਚ ਆਪਣੇ ਹੀ ਘਰ ਵਿੱਚ ਸੰਭਾਲ ਅਤੇ ਸਹਿਯੋਗ ਦਿਤਾ ਜਾਂਦਾ ਹੈ ਤਾਂ ਕਿ ਉਹ ਜਿੱਥੋਂ ਤਕ ਹੋ ਸਕੇ ਅਪਣੇ ਹੀ ਘਰ ਵਿੱਚ ਰਹਿ ਸਕਣ।

**ਹੋਮ ਕੇਅਰ (ਘਰ ਵਿੱਚ ਮਦਦ) ਕੀ ਹੈ?**

ਘਰ ਵਿੱਚ ਮਦਦ ਇੱਕ ਸੇਵਾ ਹੈ ਜੋ ਸੋਸ਼ਲ ਵਰਕਰ ਵਲੋਂ ਅਸੈਸਮੈਂਟ ਕਰਨ ਤੋਂ ਬਾਅਦ ਤੁਹਾਡੇ ਆਪਣੇ ਘਰ ਵਿੱਚ ਦਿਤੀ ਜਾਂਦੀ ਹੈ। ਹੋਮ ਕੇਅਰਰ (ਸੰਭਾਲ ਕਰਨ ਵਾਲਾ) ਤੁਹਾਡੇ ਘਰ ਆਉਂਦਾ/ਆਉਂਦੀ ਹੈ ਅਤੇ ਕਈ ਤਰ੍ਹਾਂ ਦੇ ਘਰੇਲੂ ਕੰਮਾਂ ਵਿੱਚ ਤੁਹਾਡੀ ਮਦਦ ਕਰਦਾ/ਕਰਦੀ ਹੈ ਜਿਸ ਨਾਲ ਤੁਸੀਂ ਜਿਸ ਹੱਦ ਤਕ ਹੋ ਸਕੇ ਆਤਮ ਨਿਰਭਰ ਹੋ ਸਕੋ।

**ਕੇਅਰ (ਸੰਭਾਲ) ਕੌਣ ਦਿੰਦੇ ਹਨ?**

ਜੋ ਵੀ ਤੁਹਾਨੂੰ ਘਰ ਵਿੱਚ ਸੰਭਾਲ ਮਿਲਦੀ ਹੈ ਉਹ ਲੂਟਨ ਬਅਰਾ ਸੋਸ਼ਲ ਸਰਵਿਸਿਜ਼ ਡਿਪਾਰਟਮੈਂਟ ਦੇ ਸਟਾਫ ਵਲੋਂ ਮਿਲਦੀ ਹੈ ਜਾਂ ਇੰਨਡਿਪੈਨਡੈਂਟ ਖੇਤਰ ਵਿੱਚੋਂ ਜਿੰਨ੍ਹਾਂ ਦੀ ਸੇਵਾ ਦੇਣ ਦੇ ਮਿਆਰ ਸੋਸ਼ਲ ਸਰਵਿਸਿਜ਼ ਡਿਪਾਰਟਮੈਂਟ ਨੇ ਚੈਕ ਕੀਤੇ ਹੋਣ ਅਤੇ ਉਨ੍ਹਾਂ ਨੂੰ ਪ੍ਰਵਾਨਿਤ ਕੀਤਾ ਹੋਇਆ ਹੋਵੇ ਅਤੇ ਉਹ ਉਨ੍ਹਾਂ ਤੇ ਨਿਗਰਾਨੀ ਵੀ ਰੱਖਦੇ ਹਨ। ਇੰਨਡਿਪੈਨਡੈਂਟ ਹੋਮ ਕੇਅਰ (ਨਿਰਪੱਖ ਘਰ ਵਿੱਚ ਮਦਦ) ਏਜੰਸੀਆਂ ਦੀ ਸੂਚੀ ਜਿੰਨ੍ਹਾਂ ਨੂੰ ਪ੍ਰਵਾਨਿਤ ਕੀਤਾ ਹੋਇਆ ਹੈ, ਬੇਨਤੀ ਕਰਨ ਤੇ ਅਤੇ **01582 547649** ਤੇ ਟੈਲੀਫੋਨ ਕਰਕੇ ਮਿਲ ਸਕਦੀ ਹੈ।

## ਹੋਮ ਕੇਅਰਰ ਕੀ ਕਰਨਗੇ?

ਹੋਮ ਕੇਅਰ ਦੇ ਸਟਾਫ ਦੀ ਚਾਹੇ ਉਹ ਸੋਸਲ ਸਰਵਿਸਿਜ਼ ਵਲੋਂ ਹੋਵੇ ਚਾਹੇ ਕਿਸੀ ਪ੍ਰਵਾਨਿਤ ਕੀਤੀ ਹੋਈ ਇੰਨਡਿਪੈਨਡੈਂਟ ਹੋਮ ਕੇਅਰ ਵਲੋਂ ਹੋਵੇ, ਉਹ ਤੁਹਾਨੂੰ ਜਿੱਥੋਂ ਤਕ ਹੋ ਸਕੇ ਆਤਮ ਨਿਰਭਰ ਬਨਾਉਣ ਦੀ ਕੋਸ਼ਿਸ਼ ਕਰਦੇ ਹਨ ਜਾਂ ਜੋ ਹੁਨਰ ਤੁਸੀਂ ਆਪਣੇ ਕੋਈ ਕਾਰਨਾ ਕਰਕੇ ਨਹੀਂ ਵਰਤ ਸਕਦੇ , ਉਨ੍ਹਾਂ ਨੂੰ ਦੁਬਾਰਾ ਵਰਤਨ ਵਿੱਚ ਮਦਦ ਕਰਦੇ ਹਨੋ। ਉਹ ਕਈ ਤਰ੍ਹਾਂ ਦੇ ਕੰਮਾਂ ਵਿੱਚ ਤੁਹਾਡੀ ਮਦਦ ਕਰਦੇ ਹਨ ਜਿੰਨ੍ਹਾਂ ਬਾਰੇ ਤੁਹਾਡੇ ਸੋਸ਼ਲ ਵਰਕਰ ਅਤੇ ਤੁਹਾਡੇ ਵਿੱਚ ਸਹਿਮਤੀ ਹੋਈ ਹੋਵੇ ਅਤੇ ਜੋ ਤੁਹਾਡੇ ਕੇਅਰ ਪਲੈਨ ਵਿੱਚ ਦਿਤੇ ਹੋਣ।

## ਇੰਨ੍ਹਾਂ ਵਿੱਚ ਹੇਠ ਦਿਤੇ ਹੋ ਸਕਦੇ ਹਨ:

- ਕਪੜੇ ਪਾਊਣੇ ਅਤੇ ਲਾਹਣੇ
- ਨਹਾਉਣ, ਸ਼ੇਵ ਕਰਨ, ਮੂੰਹ ਹੱਥ ਧੋਣ ਵਗੈਰਾ ਵਿੱਚ ਮਦਦ (ਜੇ ਇਹ ਸੁਰਖਿਅਤ ਤਰੀਕੇ ਨਾਲ ਕੀਤਾ ਜਾਏ ਤਾਂ)
- ਖਾਣਾ ਤਿਆਰ ਕਰਨਾ ਜਾਂ ਤੁਹਾਡੇ ਘਰ ਤਿਆਰ ਖਾਣਾ ਪਹੁੰਚਾਉਣਾ
- ਘਰੇਲੂ ਕੰਮਾਂ ਵਿੱਚ ਮਦਦ ਜਿਵੇਂ ਖਰੀਦਾਰੀ
- ਹੋਰ ਸੇਵਾਵਾਂ ਜੋ ਮੌਜੂਦ ਹੋਣ ਉਨ੍ਹਾਂ ਬਾਰੇ ਸਲਾਹ ਅਤੇ ਸੁਝਾਓ ਦੇਣੇ।

## ਹੋਮ ਕੇਅਰ ਕਿੰਨੇ ਅਰਸੇ ਲਈ ਮਿਲ ਸਕਦੀ ਹੈ?

ਹੋਮ ਕੇਅਰ ਉਸ ਵਕਤ ਤਕ ਮਿਲਦੀ ਰਹੇਗੀ ਜਿਸ ਵਕਤ ਤਕ ਤੁਸੀਂ ਆਪਣੇ ਆਪ ਕੰਮ ਕਾਰ ਨਹੀਂ ਕਰ ਸਕਦੇ ਜਾਂ ਕੋਈ ਹੋਰ ਤੁਹਾਡੀ ਮਦਦ ਕਰਨ ਲਈ ਨਹੀਂ ਹੈ।

ਹੋਮ ਕੇਅਰ ਵੱਧ ਜਾਂ ਘੱਟ ਵੀ ਕੀਤੀ ਜਾ ਸਕਦੀ ਹੈ, ਪਰ ਇਹ ਤੁਹਾਡੇ ਹਾਲਾਤ ਤੇ ਨਿਰਭਰ ਹੋਵੇਗਾ। ਜੇਕਰ ਤੁਸੀਂ ਆਪਣੀ ਕੇਅਰ ਵਿੱਚ ਤਬਦੀਲੀ ਲਿਆਉਣ ਲਈ ਸੋਸ਼ਲ ਵਰਕਰ ਨਾਲ ਗਲਬਾਤ ਕਰਨੀ ਚਾਹੁੰਦੇ ਹੋ ਤਾਂ ਇਸ ਦਾ ਪ੍ਰਬੰਧ ਤੁਹਾਡੀ ਹੋਮ ਕੇਅਰਰ ਕਰ ਸਕਦੀ ਹੈ। ਸਾਡੀ ਇੱਕ ਖਾਸ ਰਵੀਊ ਟੀਮ ਹੈ ਜੋ ਹਰ ਬਾਰਾਂ ਮਹੀਨਿਆਂ ਵਿੱਚ ਤੁਹਾਡੇ ਕੋਲ ਆਉਂਦੀ ਹੈ ,ਤੁਹਾਡੇ ਹਾਲਾਤ ਚੈਕ ਕਰਨ ਅਤੇ ਇਹ ਤੱਸਲੀ ਕਰਨ ਲਈ ਕਿ ਜੋ ਹੋਮ ਕੇਅਰ ਤੁਹਾਨੂੰ ਮਿਲਦੀ ਹੈ ਉਹ ਤੁਹਾਡੀਆਂ ਲੋੜਾਂ ਮੁਤਾਬਿਕ ਹੈ।

## ਕੀ ਮੈਨੂੰ ਇਸ ਦੇ ਪੈਸੇ ਵੀ ਦੇਣੇ ਪੈਣਗੇ?

ਕਈ ਵਾਰੀ ਜਿੰਨ੍ਹਾਂ ਹੋਮ ਕੇਅਰ ਸਰਵਿਸਿਜ਼ ਬਾਰੇ, ਸੋਸ਼ਲ ਸਰਵਿਸਿਜ਼ ਵਾਲੇ ਸਹਿਮਤ ਹੋਏ ਹੋਣ, ਉਨ੍ਹਾਂ ਦੇ ਪੈਸੇ ਵੀ ਦੇਣੇ ਪੈਂਦੇ ਹਨ। ਇਹ ਤੁਹਾਡੀ ਮਾਲੀ ਹਾਲਾਤ ਤੇ ਵੀ ਨਿਰਭਰ ਹੋਵੇਗਾ। ਤੁਹਾਡੀ

ਸੋਸ਼ਲ ਵਰਕਰ ਇਸ ਬਾਰੇ ਜਦੋਂ ਅਸੈਸਮੈਂਟ ਕਰਨ ਆਉਂਦੀ ਹੈ ਉਸ ਵਕਤ ਇਸ ਬਾਰੇ ਗਲਬਾਤ ਕੀਤੀ ਜਾਂਦੀ ਹੈ। ਖਰਚ ਉਨਾਂ ਹੀ ਹੁੰਦਾ ਹੈ ਚਾਹੇ ਜਿੰਨੀਆਂ ਮਰਜ਼ੀ ਸੇਵਾਵਾਂ ਹੋਣ।

**ਤੁਹਾਡੇ ਹੋਮ ਕੇਅਰ ਸਰਵਿਸ ਦੇਣ ਵਾਲੇ ਕੋਲੋਂ ਜੋ ਜਾਣਕਾਰੀ ਅਤੇ ਮਿਆਰਾਂ ਦੀ ਤੁਸੀਂ ਉਮੀਦ ਰੱਖ ਸਕਦੇ ਹੋ**

- ਹੋਮ ਕੇਅਰਰ ਦਾ ਨਾਮ ਜੋ ਤੁਹਾਡੇ ਘਰ ਆਏਗਾ/ਆਏਗੀ
- ਜੋ ਵਿਅਕਤੀ ਤੁਹਾਡੀਆਂ ਸੇਵਾਵਾਂ ਲਈ ਜ਼ਿੰਮੇਵਾਰ ਹੋਵੇ ਅਤੇ ਜੋ ਕੇਅਰਰਾਂ ਦੇ ਆਉਣ ਦਾ ਪ੍ਰਬੰਧ ਕਰੇ , ਉਸ ਦਾ ਨਾਮ ਅਤੇ ਟੈਲੀਫੋਨ ਨੰਬਰ।
- ਤੁਹਾਡੇ ਹੋਮ ਕੇਅਰ ਦੇਣ ਵਾਲੇ ਨਾਲ ਸੰਪਰਕ ਕਰਨ ਲਈ ਪੂਰੀ ਜਾਣਕਾਰੀ।

**ਸਾਰੇ ਹੀ ਹੋਮ ਕੇਅਰ ਦੇ ਸਟਾਫ ਹੇਠ ਦਿਤੇ ਕਰਨਗੇ:**

- ਆਪਣੀ ਸੰਸਥਾ ਵਲੋਂ ਪਹਿਚਾਣ ਕਰਨ ਵਾਲਾ ਬੈਚ ਲਗਾਣਗੇ।
- ਜਿਸ ਸਮੇਂ ਦੀ ਸਹਿਮਤੀ ਹੋਈ ਹੋਵੇ, ਉਸ ਦੇ 15 ਮਿੰਟਾਂ ਦੇ ਵਿੱਚ ਵਿੱਚ ਤੁਹਾਡੇ ਕੋਲ ਪਹੁੰਚਣਗੇ।
- ਤੁਹਾਡੀ ਜਿਸ ਹੱਦ ਤਕ ਹੋ ਸਕੇ ਆਤਮ ਨਿਰਭਰ ਹੋਣ ਵਿੱਚ ਮਦਦ ਕਰਨਗੇ।
- ਜੋ ਤੁਸੀਂ ਘਰ ਵਿੱਚ ਮਿਆਰ ਚਾਹੁੰਦੇ ਹੋ, ਉਹ ਜਾਰੀ ਰੱਖਣਗੇ।
- ਆਦਰ ਸਨਮਾਨ ਨਾਲ ਪੇਸ਼ ਆਉਣਗੇ, ਮਦਦਗਾਰ ਅਤੇ ਪੇਸ਼ੇਦਾਰ ਲੋਕਾਂ ਵਾਂਗ ਤੁਹਾਡੇ ਨਾਲ ਪੇਸ਼ ਆਉਣਗੇ।
- ਤੁਹਾਡੀਆਂ ਇੱਛਾਵਾਂ ਅਤੇ ਵਿਚਾਰਾਂ ਦੀ ਕਦਰ ਕਰਨਗੇ।
- ਤੁਹਾਡੇ ਰਹਿਣ ਦੇ ਤਰੀਕੇ , ਵਿਸ਼ਵਾਸ, ਸਭਿਅਤਾ ਅਤੇ ਧਾਰਮਿਕ ਲੋੜਾਂ ਦੀ ਆਦਰ ਕਰਨਗੇ।
- ਤੁਹਾਡੇ ਬਾਰੇ ਕੋਈ ਵੀ ਜਾਣਕਾਰੀ ਕਿਸੀ ਕੋਲ ਨਹੀਂ ਦੇਣਗੇ।
- ਤੁਹਾਡੇ ਨਾਲ ਕੰਮ ਕਰਦੇ ਵਕਤ ਢਲਣਯੋਗ ਅਤੇ ਪਰਿਵਰਤਨਸ਼ੀਲ ਹੋਣਗੇ।

**ਤੁਹਾਨੂੰ ਉਮੀਦ ਕਰਨੀ ਚਾਹੀਦੀ ਹੈ ਕਿ:**

- ਕੇਅਰਰ ਜ਼ਾਤੀ ਲੋੜਾਂ ਪੂਰੀਆਂ ਕਰਨ ਵਿੱਚ ਅੱਛੀ ਤਰ੍ਹਾਂ ਟ੍ਰੇਨ ਕੀਤੇ ਹੁੰਦੇ ਹਨ।
- ਸਾਲ ਵਿੱਚ ਹਰ ਦਿਨ ਸੇਵਾ ਪੇਸ਼ ਕੀਤੀ ਜਾਂਦੀ ਹੈ।
- ਤੁਹਾਡੇ ਕੋਲ ਆਉਣ ਦਾ ਵਕਤ ਜੋ ਤੁਹਾਡੇ ਲਈ ਢੁੱਕਵਾਂ ਹੋਵੇ ਉਹੀ ਹੋਵੇਗਾ।
- ਸਟਾਫ ਤੁਹਾਨੂੰ ਵਕਤ ਕੁਝ ਕਰਨ ਲਈ ਦਏਗਾ ਤਾਂ ਕਿ ਤੁਸੀਂ ਮਹਿਸੂਸ ਨਾ ਕਰੋ ਕਿ ਤੁਹਾਨੂੰ ਕਾਹਲੀ ਪਾਂਦੇ ਹਨ।
- ਤੁਹਾਡੇ ਕੇਅਰਰ ਉਹੀ ਹੋਣ ਜੋ ਹਰਰੋਜ਼ ਆਉਂਦੇ ਹੋਣਗੇ।
- ਜੇਕਰ ਆਉਣ ਵਿੱਚ ਦੇਰੀ ਹੋਵੇ ਤਾਂ ਤੁਹਾਨੂੰ ਦਸਿਆ ਜਾਏਗੇ।

- ਜੇਕਰ ਕੋਈ ਕੇਅਰਰ ਬਦਲਨਾ ਪਏ ਤਾਂ ਤੁਹਾਨੂੰ ਉਸ ਦੀ ਇਲਤਾਹ ਸਮੇਂ ਤੋ' ਪਹਿਲਾਂ ਹੀ ਦਿਤੀ ਜਾਇਗੀ।
- ਜੋ ਸੇਵਾ ਤੁਹਾਨੂੰ ਮਿਲਦੀ ਹੈ ਉਸ ਬਾਰੇ ਤੁਹਾਡੇ ਕੋਲੋਂ ਬਾਕਾਇਦਾ ਹੀ ਪੁੱਛਿਆ ਜਾਏਗਾ।
- ਜਿੱਥੇ ਵੀ ਤੁਹਾਨੂੰ ਪੈਸੇ ਦੇਣੇ ਪੈਂਦੇ ਹਨ, ਉਨ੍ਹਾਂ ਦਾ ਸਾਰਾ ਹਿਸਾਬ ਕਿਤਾ, ਰਸੀਦਾਂ ਵਗੈਰਾ ਤੁਹਾਨੂੰ ਦਿਤੀਆਂ ਜਾਂਦੀਆ ਹਨ।

**ਤੁਹਾਡਾ ਹੱਕ ਹੈ ਕਿ:**

- ਤੁਹਾਨੂੰ  ਕੇਅਰ ਦੇਣ ਵਾਲੀਆਂ ਏਜੰਸੀਆ ਅਤੇ ਕੇਅਰਰ ਉਪਰ ਦਿਤੇ ਮਿਆਰਾਂ ਦੀ ਕੇਅਰ ਦੇਣ।
- ਤਹਾਡੇ ਹੋਮ ਕੇਅਰਰ ਤੁਹਾਡੇ ਹਾਲਾਤ ਵਿੱਚ ਤਬਦੀਲੀਆਂ ਜਿੰਨ੍ਹਾਂ ਨਾਲ ਤੁਹਡੀਆ ਸੇਵਾਵਾਂ ਵਿੱਚ ਵੀ ਤਬਦੀਲੀਆਂ ਦੀ ਲੋੜ ਪਏ, ਉਨ੍ਹਾਂ ਬਾਰੇ  ਰੀਪੋਰਟ ਕਰਨ।

**ਰੀਕਾਰਡਜ਼ ਅਤੇ ਕੰਮਪਲੇਨਟਸ (ਰੀਕਾਰਡ ਰੱਖਣਾ ਅਤੇ ਸ਼ਿਕਾਇਤ ਕਰਨੀ)**

**ਤੁਹਾਡਾ ਹੱਕ ਹੈ ਕਿ**:

- ਘਟੀਆ ਮਿਆਰਾਂ ਬਾਰੇ ਸਿਕਾਇਤ ਕਰਨ ਦਾ ਜਿਸ ਨਾਲ ਤੁਹਾਡੀਆਂ ਸੇਵਾਵਾਂ ਤੇ ਕੋਈ ਅਸਰ ਨਾ ਪਏ।
- ਤੁਹਾਡੇ ਬਾਰੇ ਜੋ ਵੀ ਰੀਕਾਰਡ ਰੱਖੇ ਗਏ ਹੋਣ ਉਨ੍ਹਾਂ ਨੂੰ ਦੇਖ ਸਕੋ।

ਜੇਕਰ ਤੁਸੀਂ ਹੋਮ ਕੇਅਰ ਸਰਵਿਸ ਬਾਰੇ ਸਿਕਾਇਤ ਲਗਾਣੀ ਚਾਹੁੰਦੇ ਹੋ ਜਾਂ ਆਪਣਾ ਰੀਕਾਰਡ ਦੇਖਣਾ ਚਾਹੁੰਦੇ ਹੋ ਤਾਂ ਹੇਠ ਦਿਤੇ ਪਤੇ ਤੇ ਸੰਪਰਕ ਕਰੋ:

**ਸੋਸ਼ਲ ਸਰਵਿਸਿਜ਼ ਡਿਪਾਰਟਮੈਂਟ**
**ਯੂਨਿਟੀ ਹਾਊਜ਼**
**111 ਸਟੂਅਰਟ ਸਟਰੀਟ**
**ਲੂਟਨ**

**ਜਾਂ ਫੋਨ ਕਰੋ 01582 547659**

**Social Services Department**
**Unity House**
**111 Stuart Street**
**LU1 5NP**
**Tel:10582 547659**